ਆਰਬੀਆਈ/2006-07/222

ਯੂਬੀਡੀ ਪੀਸੀਬੀ ਸਰਕੂਲਰ ਨੰ. 25/09-39-000/2006-07

28 ਦਸੰਬਰ 2006

ਸਾਰੀਆਂ ਪ੍ਰਾਇਮਰੀ (ਸ਼ਹਿਰੀ) ਕੋਆਪਰੇਟਿਵ ਬੈਂਕਾਂ ਦੇ ਚੀਫ ਕਾਰਜਕਾਰੀ ਅਫਸਰ

ਪਿਆਰੇ ਸ੍ਰੀਮਾਨ/ਮੈਡਮ

ਚੈਕ ਡਰਾਪ ਬਾਕਸ ਸਹੂਲਤ ਅਤੇ ਚੈਕ ਦੀ ਪਹੁੰਚ ਰਸੀਦਾਂ ਲਈ ਸਹੂਲਤ - ਯੂਸੀਬੀਐਸ

ਭਾਰਤੀ ਰਿਜ਼ਰਵ ਬੈਂਕ / ਬੈਂਕ ਲੋਕਪਾਲ ਕੋਲ ਬਹੁਤ ਸਾਰੀਆਂ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ ਕਿ ਵਧੇਰੇ ਬੈਂਕ ਸ਼ਾਖਾਵਾਂ ਕਾਊਂਟਰਾਂ ਤੇ ਚੈਕ ਪ੍ਰਾਪਤ ਨਹੀਂ ਕਰਦੀਆਂ ਅਤੇ ਗਾਹਕਾਂ ਨੂੰ ਚੈਕ, ਚੈਕ ਬਕਸਿਆਂ ਵਿਚ ਪਾਉਣ ਲਈ ਮਜ਼ਬੂਰ ਕਰਦੀਆਂ ਹਨ ।

2. ਉਪਰੋਕਤ ਸਬੰਧੀ ਬੈਂਕਾਂ ਨੂੰ ਆਦੇਸ਼ ਕੀਤਾ ਜਾਂਦਾ ਹੈ ਕਿ ਗਾਹਕਾਂ ਨੂੰ ਚੈਕ ਬਕਸੇ ਵਿਚ ਬਕਸਿਆਂ ਵਿਚ ਪਾਉਣ ਲਈ ਮਜ਼ਬੂਰ ਨਾ ਕੀਤਾ ਜਾਵੇ, ਜਦੋਂ ਗਾਹਕਾਂ ਨੂੰ ਚੈਕ ਬਕਸਿਆਂ ਵਿਚ ਪਾਉਣ ਦੀ ਸਹੂਲਤ ਮੁਹੱਈਆ ਕੀਤੀ ਗਈ ਸੀ ਉਸ ਅਨੁਸਾਰ ਉਨ੍ਹਾਂ ਨੂੰ ਬਕਾਇਦਾ ਕਾਊਂਟਰ ਤੇ ਇਕੱਠੇ ਕੀਤੇ ਗਏ ਚੈਕਾਂ ਦੀ ਪਹੁੰਚ ਰਸੀਦ ਤੋਂ ਇਨਕਾਰ ਨਹੀਂ ਕਰਨ ਦੀ ਗੱਲ ਨਹੀਂ ਸੀ ਕੀਤੀ ਗਈ। ਕੋਈ ਵੀ ਸ਼ਾਖਾ ਗਾਹਕਾਂ ਵਲੋਂ ਆਪਣੇ ਕਾਊਟਰ ਤੇ ਪੇਸ਼ ਕੀਤੇ ਗਏ ਚੈਕਾਂ ਦੀ ਪਹੁੰਚ ਰਸੀਦ ਦੇਣ ਤੋਂ ਇਨਕਾਰ ਨਹੀਂ ਕਰ ਸਕਦੀਆਂ ।

3. ਜਦੋਂ ਚੈਕ ਡਰਾਪ ਬਾਕਸ ਸਹੂਲਤ ਸ਼ੁਰੂ ਕੀਤੀ ਗਈ ਇਹ ਜ਼ਰੂਰੀ ਹੈ ਕਿ ਗਾਹਕ ਨੂੰ ਦੋਵੇਂ ਚੋਣਾਂ ਦੀ ਜਾਣਕਾਰੀ ਮੁਹੱਈਆ ਕਰਵਾਈ ਜਾਵੇ ਜੋ ਕਿ ਚੈਕ ਬਕਸੇ ਵਿਚ ਪਾਉਣੇ ਜਾਂ ਉਹ ਕਾਊਂਟਰ ਤੇ ਪੇਸ਼ ਕਰਨੇ ਤਾਂ ਜੋ ਉਨ੍ਹਾਂ ਨੂੰ ਉਨ੍ਹਾਂ (ਚੈਕਾਂ) ਦੇ ਫੈਸਲੇ ਦੀ ਸੂਚਨਾ ਮਿਲ ਸਕੇ। ਇਸ ਲਈ ਬੈਂਕਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਚੈਕ ਡਰਾਪ ਬਾਕਸ ਤੋਂ ਆਪਣੇ ਆਪ ਪ੍ਰਦਰਸ਼ਤ ਹੋਵੇ ਕਿ ਗਾਹਕ ਚੈਕ ਕਾਊਂਟਰ ਤੇ ਵੀ ਪੇਸ਼ ਕਰ ਸਕਦੇ ਹਨ ਅਤੇ ਪੇ ਇਨ ਸਲਿਪ ਤੇ ਪਹੁੰਚ ਰਸੀਦ ਪ੍ਰਾਪਤ ਕਰ ਸਕਦੇ ਹਨ,

ਉਪਰੋਕਤ ਸੰਦੇਸ਼ ਅੰਗਰੇਜ਼ੀ, ਹਿੰਦੀ ਅਤੇ ਸਬੰਧਤ ਰਾਜ ਦੀ ਖੇਤਰੀ ਭਾਸ਼ਾ ਵਿਚ ਪ੍ਰਦਰਸ਼ਤ ਕੀਤਾ ਜਾਵੇ।

4. ਸਬੰਧਤ ਖੇਤਰੀ ਦਫਤਰ ਇਸ ਦੀ ਪਹੁੰਚ ਰਸੀਦ ਭੇਜਣ ਦੀ ਖੇਚਲ ਕਰਨ।

ਆਪ ਦਾ ਵਿਸ਼ਵਾਸਪਾਤਰ

(ਐਨ.ਐਸ. ਵਿਸ਼ਵਾਨਾਥਨ)

ਚੀਫ ਜਨਰਲ ਮੈਨੇਜਰ ਇਨ ਚਾਰਜ